# ਮਾਪਿਆਂ / ਸੰਭਾਲ ਕਰਨ ਵਾਲਿਆਂ / ਸਰਪ੍ਰਸਤਾਂ ਲਈ ਜਾਣਕਾਰੀ ਅਤੇ ਸਹਿਮਤੀ ਪੱਤਰ ਵਿਦਿਆਰਥੀ ਦਾ ਸਕੂਲ ਪ੍ਰਤੀ ਰਵੱਈਏ ਦਾ ਸਰਵੇਖਣ 2023

ਪਿਆਰੇ ਮਾਪਿਓ / ਸੰਭਾਲ ਕਰਨ ਵਾਲਿਓ / ਸਰਪ੍ਰਸਤੋ,

ਇਹ ਚਿੱਠੀ ਤੁਹਾਨੂੰ ਵਿਦਿਆਰਥੀ ਦੇ ਸਕੂਲ ਪ੍ਰਤੀ ਰਵੱਈਏ ਦਾ ਸਰਵੇਖਣ 2023 (AtoSS) ਬਾਰੇ ਸੂਚਿਤ ਕਰਨਾ ਹੈ, ਜਿਸ ਵਿੱਚ ਤੁਹਾਡੇ ਬੱਚੇ ਨੂੰ ਹਿੱਸਾ ਲੈਣ ਲਈ ਸੱਦਾ ਦਿੱਤਾ ਜਾਂਦਾ ਹੈ।

## ਸਰਵੇਖਣ ਬਾਰੇ

ਅਸੀਂ ਵਿਦਿਆਰਥੀਆਂ ਦੀ ਸ਼ਮੂਲੀਅਤ, ਭਲਾਈ ਅਤੇ ਹਿਦਾਇਤਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਦੇ ਸਾਧਨ ਵਜੋਂ ਵਿਦਿਆਰਥੀਆਂ ਦੇ ਵਿਚਾਰਾਂ ਨੂੰ ਮਹੱਤਵ ਦਿੰਦੇ ਹਾਂ, ਅਤੇ ਇਹ ਪਤਾ ਲਗਾਉਣ ਲਈ ਇੱਕ ਸਰਵੇਖਣ ਕਰ ਰਹੇ ਹਾਂ ਕਿ ਤੁਹਾਡਾ ਬੱਚਾ ਆਪਣੇ ਸਕੂਲ ਬਾਰੇ ਕੀ ਸੋਚਦਾ ਹੈ।

AtoSS ਇੱਕ ਸਾਲਾਨਾ ਵਿਦਿਆਰਥੀ ਸਰਵੇਖਣ ਹੈ ਜਿਸ ਦੀ ਪੇਸ਼ਕਸ਼ ਸਿੱਖਿਆ ਵਿਭਾਗ ਵੱਲੋਂ ਕੀਤੀ ਜਾਂਦਾ ਹੈ ਤਾਂ ਜੋ ਸਕੂਲਾਂ ਨੂੰ ਵਿਦਿਆਰਥੀਆਂ ਦੀਆਂ ਧਾਰਨਾਵਾਂ ਅਤੇ ਸਕੂਲ ਦੇ ਤਜ਼ਰਬੇ ਦੀ ਸਮਝ ਹਾਸਲ ਕਰਨ ਵਿੱਚ ਸਹਾਇਤਾ ਕੀਤੀ ਜਾ ਸਕੇ। ਵਿਦਿਆਰਥੀਆਂ ਨੂੰ ਉਹਨਾਂ ਦੇ ਸਕੂਲ, ਉਹਨਾਂ ਦੀ ਸਿੱਖਿਆ, ਸਾਥੀਆਂ ਨਾਲ ਰਿਸ਼ਤਿਆਂ, ਲਚਕਦਾਰਤਾ, ਗੁੰਡਾਗਰਦੀ, ਸਿਹਤ ਅਤੇ ਭਲਾਈ, ਸਰੀਰਕ ਗਤੀਵਿਧੀ, ਅਤੇ ਮੋਟੇ ਤੌਰ 'ਤੇ ਜੀਵਨ ਦੇ ਸਬੰਧ ਵਿੱਚ ਉਹਨਾਂ ਦੇ ਵਿਚਾਰਾਂ ਅਤੇ ਭਾਵਨਾਵਾਂ ਬਾਰੇ ਪੁੱਛਿਆ ਜਾਵੇਗਾ।

ਇਸ ਸਾਲ, AtoSS 22$^{nd}$ of May 2023 – 2$^{nd}$ of June 2023.

ਤੋਂ ਤੁਹਾਡੇ ਸਕੂਲ ਵਿੱਚ ਆਯੋਜਿਤ ਕੀਤਾ ਜਾਵੇਗਾ।

## ਇਸ ਦੇ ਕੀ ਲਾਭ ਹਨ?

ਨੌਜਵਾਨ ਲੋਕ ਆਪਣੀ ਗੱਲ ਕਹਿਣ ਦਾ ਮਜ਼ਾ ਲੈਂਦੇ ਹਨ! ਇਹ ਸਰਵੇਖਣ ਲੱਗਭਗ 20 ਸਾਲਾਂ ਤੋਂ ਚੱਲ ਰਿਹਾ ਹੈ ਅਤੇ ਤੁਹਾਡੇ ਬੱਚੇ ਦੇ ਸਕੂਲੀ ਸਿੱਖਿਆ ਦੇ ਤਜ਼ਰਬੇ ਵਿੱਚ ਸੁਧਾਰ ਕਰਨ ਲਈ ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਣ, ਪ੍ਰੋਗਰਾਮਾਂ ਅਤੇ ਗਤੀਵਿਧੀਆਂ ਦੀ ਯੋਜਨਾ ਬਨਾਉਣ ਵਿੱਚ ਸਕੂਲਾਂ ਦੀ ਸਹਾਇਤਾ ਕਰਨ ਵਿੱਚ ਬਹੁਮੁੱਲਾ ਹੈ। ਸਰਵੇਖਣ ਦੇ ਜਵਾਬ ਸਿੱਖਿਆ ਵਿਭਾਗ ਨੂੰ ਇਹ ਸਮਝਣ ਵਿੱਚ ਵੀ ਮਦਦ ਕਰਦੇ ਹਨ ਕਿ ਵਿਦਿਆਰਥੀ ਦੇ ਸਿੱਖਣ ਦੇ ਤਜ਼ਰਬਿਆਂ ਵਿੱਚ ਸੁਧਾਰ ਕਿਵੇਂ ਕੀਤਾ ਜਾ ਸਕਦਾ ਹੈ।

## ਇਸ ਵਿੱਚ ਕੀ ਖਤਰੇ ਹਨ?

ਹਾਲਾਂਕਿ ਅਸੀਂ ਹਿੱਸੇਦਾਰੀ ਦੇ ਬਹੁਤ ਸਾਰੇ ਖਤਰਿਆਂ ਦੀ ਉਮੀਦ ਨਹੀਂ ਕਰਦੇ ਹਾਂ, ਪਰ ਕੁਝ ਵਿਦਿਆਰਥੀਆਂ ਨੂੰ ਸਰਵੇਖਣ ਦੇ ਕੁਝ ਸਵਾਲ ਨਿੱਜੀ ਅਤੇ ਸੰਵੇਦਨਸ਼ੀਲ ਕਿਸਮ ਦੇ ਲੱਗ ਸਕਦੇ ਹਨ। ਜੇ ਤੁਸੀਂ ਆਪਣੇ ਬੱਚੇ ਦੁਆਰਾ ਹਿੱਸਾ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਉਹ ਅਜੇ ਵੀ ਸਵਾਲਾਂ ਨੂੰ ਛੱਡਣ ਜਾਂ ਕਿਸੇ ਵੀ ਪੜਾਅ ਤੇ ਪਿੱਛੇ ਹਟਣ ਲਈ ਸੁਤੰਤਰ ਹਨ, ਜੇ ਸਰਵੇਖਣ ਉਹਨਾਂ ਨੂੰ ਪਰੇਸ਼ਾਨ ਕਰਦਾ ਜਾਂ ਅਸਹਿਜ ਮਹਿਸੂਸ ਕਰਵਾਉਂਦਾ ਹੈ। ਸਰਵੇਖਣ ਦੌਰਾਨ ਸਕੂਲਾਂ ਦੀ ਸਹਾਇਤਾ ਕਰਨ ਲਈ ਇੱਕ ਅਧਿਆਪਕ ਮੌਜੂਦ ਹੋਵੇਗਾ।

ਸਵਾਲਾਂ ਦੀ ਚੋਣ ਆਸਟ੍ਰੇਲੀਆ ਅਤੇ ਵਿਸ਼ਵ ਭਰ ਵਿੱਚ ਵਰਤੇ ਜਾਂਦੇ ਪ੍ਰਮਾਣਿਤ ਸਰਵੇਖਣ ਸੰਦਾਂ ਵਿੱਚੋਂ ਕੀਤੀ ਜਾਂਦੀ ਹੈ, ਇਹ ਤਾਕਤ-ਆਧਾਰਿਤ ਅਤੇ ਹਰੇਕ ਸਾਲ ਦੇ ਪੱਧਰ ਦੇ ਸਮੂਹ ਲਈ ਤਿਆਰ ਕੀਤੇ ਜਾਂਦੇ ਹਨ।

## ਮੇਰੇ ਬੱਚੇ ਨੂੰ ਕੀ ਕਰਨ ਲਈ ਕਿਹਾ ਜਾਵੇਗਾ?

ਤੁਹਾਡੇ ਬੱਚੇ ਨੂੰ ਇਸ ਉਦੇਸ਼ ਨਾਲ ਬਣਾਏ ਗਏ ਸੁਰੱਖਿਅਤ ਔਨਲਾਈਨ ਸਰਵੇਖਣ ਵਾਲੇ ਸੰਦ ਦੀ ਵਰਤੋਂ ਕਰਕੇ **ਜਮਾਤ ਦੇ ਸਮੇਂ ਦੌਰਾਨ ਔਨਲਾਈਨ** ਸਰਵੇਖਣ ਨੂੰ ਪੂਰਾ ਕਰਨ ਲਈ ਸੱਦਾ ਦਿੱਤਾ ਜਾਵੇਗਾ। ਇਹ ਚੇਤੇ ਰੱਖਣਾ ਮਹੱਤਵਪੂਰਣ ਹੈ ਕਿ ਅਸੀਂ ਕਿਸੇ ਵੀ ਤਰ੍ਹਾਂ ਤੁਹਾਡੇ ਬੱਚੇ ਦੀ "ਜਾਂਚ" ਨਹੀਂ ਕਰ ਰਹੇ ਹਾਂ। ਕਿਰਪਾ ਕਰਕੇ ਚੇਤੇ ਰੱਖੋ ਕਿ:

- ਸਰਵੇਖਣ ਵਿੱਚ ਵਿਦਿਆਰਥੀਆਂ ਦੀ ਹਿੱਸੇਦਾਰੀ ਸਵੈ-ਇੱਛਾ ਨਾਲ ਹੈ ਅਤੇ ਵਿਦਿਆਰਥੀ ਕਿਸੇ ਵੀ ਸਮੇਂ ਪਿੱਛੇ ਹਟ ਸਕਦੇ ਹਨ।
- ਸਰਵੇਖਣ ਨੂੰ ਪੂਰਾ ਕਰਨ ਵਿੱਚ ਲਗਭਗ 20-45 ਮਿੰਟ ਲੱਗਣਗੇ।

## ਮੇਰੇ ਬੱਚੇ ਦੀ ਪਰਦੇਦਾਰੀ ਦੀ ਰੱਖਿਆ ਕਿਵੇਂ ਕੀਤੀ ਜਾਂਦੀ ਹੈ?

ਤੁਹਾਡੇ ਬੱਚੇ ਨੂੰ ਉਹਨਾਂ ਦੇ ਅਧਿਆਪਕ ਕੋਲੋਂ ਸਰਵੇਖਣ ਪੂਰਾ ਕਰਨ ਲਈ ਇੱਕ ਨਿਵੇਕਲਾ ਲੌਗ-ਇਨ ਪ੍ਰਦਾਨ ਕੀਤਾ ਜਾਵੇਗਾ। ਵਿਦਿਆਰਥੀ ਲੌਗ-ਇਨ ਇੱਕ ਨਿਰਧਾਰਤ ਪਛਾਣ ਕਰਤਾ ਹੈ, ਜਿਸ ਦੀ ਵਰਤੋਂ ਅੰਕੜਿਆਂ ਅਤੇ ਖੋਜ ਦੇ ਉਦੇਸ਼ਾਂ ਲਈ ਡੈਟੇ ਨੂੰ ਕੇਵਲ ਇੱਕ ਦੂਸਰੇ ਨਾਲ ਜੋੜਨ ਲਈ ਕੀਤੀ ਜਾ ਸਕਦੀ ਹੈ। ਨਿੱਜੀ ਤੌਰ 'ਤੇ ਪਛਾਣਨਯੋਗ ਅੰਕੜਿਆਂ ਨੂੰ ਸਰਵੇਖਣ ਦੀ ਜਵਾਬੀ ਫ਼ਾਈਲ ਵਿੱਚ ਰਿਕਾਰਡ ਨਹੀਂ ਕੀਤਾ ਜਾਵੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਦੇ ਜਵਾਬਾਂ ਦੀ ਗੁਪਤਤਾ ਦੀ ਸਾਰੇ ਸਮਿਆਂ 'ਤੇ ਰੱਖਿਆ ਕੀਤੀ ਜਾਂਦੀ ਹੈ।

## ਨਤੀਜਿਆਂ ਦੀ ਰਿਪੋਰਟ ਕਿਵੇਂ ਕੀਤੀ ਜਾਵੇਗੀ?

ਸਰਵੇਖਣ ਦੇ ਨਤੀਜਿਆਂ ਦੀ ਰਿਪੋਰਟ ਸਰਵੇਖਣ ਦੀ ਸਾਰੀ ਮਿਆਦ ਦੌਰਾਨ ਇੱਕ ਸਾਂਝੇ ਰੂਪ ਵਿੱਚ ਸਕੂਲ ਨੂੰ ਵਾਪਸ ਕੀਤੀ ਜਾਵੇਗੀ। ਰਿਪੋਰਟਾਂ ਵਿੱਚ ਉਪਲਬਧ ਕਰਵਾਏ ਗਏ ਸਾਰੇ ਸਰਵੇਖਣ ਅੰਕੜੇ ਕੇਵਲ ਵਿਦਿਆਰਥੀਆਂ ਦੇ ਸਮੂਹਾਂ ਲਈ ਹਨ, ਤਾਂ ਜੋ ਕਿਸੇ ਵੀ ਵਿਅਕਤੀਗਤ ਵਿਦਿਆਰਥੀ ਦੀ ਪਛਾਣ ਨਾ ਕੀਤੀ ਜਾ ਸਕੇ। ਪ੍ਰਤੀ ਸਾਲ ਘੱਟ ਵਿਦਿਆਰਥੀਆਂ ਦੀ ਗਿਣਤੀ ਵਾਲੇ ਸਕੂਲਾਂ ਲਈ ਡੈਟਾ ਦਬਾਉਣ ਵਾਲੇ ਨਿਯਮਾਂ ਦੀ ਵਰਤੋਂ ਕੀਤੀ ਜਾਂਦੀ ਹੈ।

ਤੁਹਾਡਾ ਸਕੂਲ, ਸਕੂਲ ਦੀ ਸਲਾਨਾ ਰਿਪੋਰਟ ਵਰਗੇ ਦਸਤਾਵੇਜ਼ਾਂ ਵਿੱਚ ਸਰਵੇਖਣ ਦੇ ਨਤੀਜਿਆਂ ਨੂੰ ਮਾਪਿਆਂ ਦੇ ਨਾਲ ਸਾਂਝਾ ਕਰ ਸਕਦਾ ਹੈ।

### ਹਿੱਸਾ ਲੈਣ ਲਈ ਵਿਕਲਪ

ਇਸ ਸਰਵੇਖਣ ਵਿੱਚ ਹਿੱਸੇਦਾਰੀ **ਸਵੈ-ਇੱਛਾ** ਨਾਲ ਹੈ। ਜੇ ਤੁਸੀਂ **ਨਹੀਂ** ਚਾਹੁੰਦੇ ਕਿ ਤੁਹਾਡਾ ਬੱਚਾ ਸਰਵੇਖਣ ਕਰੇ, ਤਾਂ ਬਾਹਰ ਨਿਕਲਣ ਦੀ ਚੋਣ ਕਰਨ ਲਈ ਕਿਰਪਾ ਕਰਕੇ ਆਪਣੇ ਸਕੂਲ ਨੂੰ ਈਮੇਲ ਕਰੋ: hume.central.sc@education.vic.gov.au ਕਿਰਪਾ ਕਰਕੇ ਅਜਿਹਾ 18th of May 2023 ਤੋਂ ਪਹਿਲਾਂ ਕਰੋ, ਇਹ ਦੱਸਦੇ ਹੋਏ ਕਿ ਤੁਸੀਂ ਆਪਣੇ ਬੱਚੇ ਦੇ ਨਾਮ ਅਤੇ ਜਮਾਤ ਦੇ ਪੱਧਰ ਦੇ ਨਾਲ, ਉਹਨਾਂ ਦੁਆਰਾ ਹਿੱਸਾ ਲੈਣ ਤੋਂ ਬਾਹਰ ਨਿਕਲਣ ਦੀ ਇੱਛਾ ਕਰਦੇ ਹੋ।

ਜੇ ਤੁਹਾਡੇ ਸਕੂਲ ਨੂੰ ਇਸ ਚਿੱਠੀ ਦੇ ਅੰਦਰ ਦੱਸੇ ਸਰਵੇਖਣ ਸ਼ੁਰੂ ਹੋਣ ਦੀ ਤਰੀਕ ਤੋਂ ਪਹਿਲਾਂ ਤੁਹਾਡੇ ਕੋਲੋਂ ਸਹਿਮਤੀ ਈਮੇਲ ਬਾਰੇ ਇਨਕਾਰ ਦਾ ਸੁਨੇਹਾ ਨਹੀਂ ਮਿਲਦਾ ਹੈ, ਤਾਂ ਇਸ ਦਾ ਮਤਲਬ ਇਹ ਹੈ ਕਿ ਤੁਸੀਂ ਆਪਣੇ ਬੱਚੇ ਨੂੰ ਸਕੂਲ ਪ੍ਰਤੀ ਵਿਦਿਆਰਥੀ ਰਵੱਈਏ ਦੇ ਸਰਵੇਖਣ 2023 ਵਿੱਚ ਹਿੱਸਾ ਲੈਣ ਲਈ ਆਪਣੀ ਸਹਿਮਤੀ ਦਿੰਦੇ ਹੋ।

ਸਰਵੇਖਣ ਜੋ ਅਸੀਂ ਤੁਹਾਡੇ ਬੱਚੇ ਨੂੰ ਪੂਰਾ ਕਰਨ ਲਈ ਕਹਿ ਰਹੇ ਹਾਂ, ਉਸ ਦੀ ਇੱਕ ਨਕਲ ਤੁਹਾਡੇ ਬੱਚੇ ਦੇ ਸਕੂਲ ਤੋਂ ਉਪਲਬਧ ਹੈ। ਕਿਰਪਾ ਕਰਕੇ ਪ੍ਰਸ਼ਾਸਨ ਵਾਲੇ ਦਫ਼ਤਰ ਨਾਲ ਸੰਪਰਕ ਕਰੋ ਜੇ ਤੁਸੀਂ ਇਸ ਬਾਰੇ ਆਪਣਾ ਫੈਸਲਾ ਲੈਣ ਤੋਂ ਪਹਿਲਾਂ ਕਿ ਕੀ ਤੁਹਾਡਾ ਬੱਚਾ ਹਿੱਸਾ ਲਵੇਗਾ, ਤੁਸੀਂ ਸਰਵੇਖਣ ਵੇਖਣਾ ਚਾਹੁੰਦੇ ਹੋ।

ਜੇ ਤੁਸੀਂ ਵਧੇਰੇ ਜਾਣਕਾਰੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ, ਜਾਂ school.surveys@education.vic.gov.au ਵਿਖੇ ਵਿਭਾਗ ਨਾਲ ਸੰਪਰਕ ਕਰੋ।

ਤੁਹਾਡਾ/ਤੁਹਾਡੀ ਸ਼ੁਭਚਿੰਤਕ,

ਸਿੱਖਿਆ ਵਿਭਾਗ, ਵਿਕਟੋਰੀਆ

© ਵਿਕਟੋਰੀਆ ਰਾਜ (ਸਿੱਖਿਆ ਵਿਭਾਗ) 2023 ਸਿਵਾਏ ਉਹਨਾਂ ਮਾਮਲਿਆਂ ਦੇ ਜਿੱਥੇ ਕਿਤੇ ਹੋਰ ਲਿਖਿਆ ਗਿਆ ਹੈ, ਇਸ ਦਸਤਾਵੇਜ਼ ਵਿਚਲੀ ਸਮੱਗਰੀ ਨੂੰ Creative Commons Attribution 4.0 International ਦੇ ਅਧੀਨ ਪ੍ਰਦਾਨ ਕੀਤਾ ਗਿਆ ਹੈ। ਕਿਰਪਾ ਕਰਕੇ ਸਮੁੱਚੇ ਕਾਪੀਰਾਈਟ ਨੋਟਿਸ ਨੂੰ ਜਾਂਚੋ।